**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ:ਸਿ:), ਪੰਜਾਬ,
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ, ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ

ਮੀਮੋ ਨੰ. 12/2-2017 ਬਜਟ(5) /2020255001
ਮਿਤੀ: ਐਸ.ਏ.ਐਸ. ਨਗਰ 13/10/2020

**ਵਿਸ਼ਾ: ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ. ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ, ਪੰਜਾਬ ਵਲੋਂ ਪੈਨਸ਼ਨਰਾਂ ਸਬੰਧੀ ਬਾਰ ਬਾਰ ਸੂਚਨਾ ਮੰਗੀ ਜਾਂਦੀ ਹੈ । ਉਨਾਂ ਵਲੋਂ ਕੇਵਲ ਰਿਟਾਇਰਡ ਕਰਮਚਾਰੀਆਂ ਸਬੰਧੀ ਹੀ ਨਹੀਂ ਨਾਨ- ਰਿਟਾਇਰੀਆਂ ਸਬੰਧੀ ਵੀ ਸੂਚਨਾ ਦੀ ਮੰਗ ਕੀਤੀ ਜਾਂਦੀ ਹੈ। ਇਹ ਸੂਚਨਾ ਇਕੱਤਰ ਕਰਨ ਵਿਚ ਵਿਭਾਗ ਦਾ ਬਹੁਤ ਕੀਮਤੀ ਸਮਾਂ ਜ਼ਾਇਆ ਹੁੰਦਾ ਹੈ।

2.0 ਇਸ ਸਬੰਧੀ ਸਕੂਲ ਮੁਖੀਆਂ ਨਾਲ ਹੋਈ ਮੀਟਿੰਗ ਵਿਚ ਉਨਾਂ ਵਲੋਂ ਇਸ ਸਮੱਸਿਆ ਬਾਰੇ ਜਾਣੂ ਕਰਵਾਇਆ ਗਿਆ। ਉਨਾਂ ਵਲੋਂ ਇਸ ਸਬੰਧੀ ਦੱਸਿਆ ਗਿਆ ਕਿ ਪੈਨਸ਼ਨ ਵਿਭਾਗ ਵਲੋਂ ਪੈਨਸ਼ਨਰਾਂ ਸਬੰਧੀ ਸੂਚਨਾ ਵੱਖ-ਵੱਖ ਪ੍ਰੋਫਾਰਮਿਆਂ ਵਿਚ ਭਰ ਕੇ ਮੁੱਖ ਦਫਤਰ ਵਿਚ ਭੇਜੀ ਜਾਂਦੀ ਹੈ, ਜਿਸ ਨਾਲ ਡੀ.ਡੀ.ਓਜ਼ ਦਾ ਬਹੁਮੁੱਲ ਸਮਾਂ ਅਤੇ ਸਟੇਸ਼ਨਰੀ ਦਾ ਨੁਕਸਾਨ ਹੁੰਦਾ ਹੈ। ਜੋ ਕਿ ਸਕੂਲਾਂ ਵਿਚ ਵਿਦਿਆਰਥੀਆਂ ਦੇ ਵਿਕਾਸ ਲਈ ਵਰਤਿਆ ਜਾ ਸਕਦਾ ਹੈ।

3.0 ਇਸ ਸਾਰੇ ਪ੍ਰੋਸੈਸ ਨੂੰ ਵਾਚਣ ਤੇ ਇਸ ਪ੍ਰੇਸ਼ਾਨੀ ਤੋਂ ਬਚਨ ਲਈ ਇਸ ਪ੍ਰੋਸੈਸ ਦੀ ਰੀ-ਇੰਨਜੀਨੀਅਰਿੰਗ ਕੀਤੀ ਗਈ। ਇਸ ਪ੍ਰੋਸੈਸ ਨੂੰ ਸਰਲ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਸਿਖਿਆ ਵਿਭਾਗ ਵਲੋਂ ਵਿਭਾਗ ਦੇ ਰਿਟਾਇਰਡ ਕਰਮਚਾਰੀਆਂ ਦੇ ਪੈਨਸ਼ਨ ਕੇਸਾਂ ਸਬੰਧੀ ਈ-ਪੰਜਾਬ ਸਕੂਲ ਪੋਰਟਲ ਉੱਤੇ ਇਕ ਆਨਲਾਈਨ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਇਸ ਪੋਰਟਲ ਅਧੀਨ ਦਿੱਤੇ ਨਵੇਂ ਲਿੰਕ "Retire Benefits" ਦੀ ਮਦਦ ਨਾਲ ਇਹ ਜਾਣਕਾਰੀ ਸਬੰਧਤ ਸਕੂਲ ਮੁਖੀ ਵਲੋਂ ਆਪਣੇ ਪੱਧਰ ਤੇ ਹੀ ਇਕ ਵਾਰੀ ਭਰੀ ਜਾ ਸਕਦੀ ਹੈ। ਇਸ ਪੋਰਟਲ ਦੇ ਬਨਣ ਨਾਲ ਸਕੂਲ ਮੁਖੀਆਂ/ਦਫਤਰਾਂ ਨੂੰ ਬਾਰ ਬਾਰ ਪੈਨਸ਼ਨਰਾਂ ਸਬੰਧੀ ਸੂਚਨਾ ਦੀ ਹਾਰਡ ਕਾਪੀਆਂ ਮੁੱਖ ਦਫਤਰਾ ਵਿੱਚ ਨਹੀਂ ਭੇਜਣੀ ਪਵੇਗੀ।

4.0 ਜੇਕਰ ਪੇਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਸਬੰਧੀ ਸਕੂਲ/ਦਫਤਰ ਆਪਣੇ ਜ਼ਿਲੇ ਦੇ ਸਬੰਧਤ ਜ਼ਿਲਾ ਐਮ.ਆਈ.ਐਸ. ਵਿੰਗ ਦੇ ਕੋ-ਆਰਡੀਨੇਅਰ ਨਾਲ ਸੰਪਰਕ ਕਰ ਸਕਦੇ ਹਨ ,ਜਿਨਾਂ ਦੇ ਮੋਬਾਈਲ ਨੰ ਈ ਪੰਜਾਬ ਸਕੂਲ ਪੋਰਟਲ ਤੇ ਉਪਲੱਬਧ ਹਨ।

5.0 ਇਸ ਸਬੰਧੀ ਸਕੂਲ ਡੀ.ਡੀ.ਓਜ਼, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਸਿਸਟਮ ਨੂੰ ਆਪਣੇ ਸਕੂਲ ਜਾਂ ਦਫਤਰ ਦੇ ਈ.ਪੰਜਾਬ ਸਕੂਲ ਪੋਰਟਲ ਤੇ ਲਾਗ-ਇੰਨ ਆਈ.ਡੀ. ਵਿੱਚ ਜਾ ਕੇ ਚੰਗੀ ਤਰ੍ਹਾਂ ਸਮਝ ਲੈਣ ਅਤੇ ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ.ਪੰਜਾਬ ਪੋਰਟਲ ਤੇ ਸਮੇ-ਸਮੇਂ ਸਿਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਜੇਕਰ ਕਿਸੇ ਸਕੂਲ/ਦਫਤਰ ਦੀ ਸੂਚਨਾ ਸਮੇਂ ਸਿਰ ਅਪਲੋਡ ਨਹੀਂ ਕੀਤੀ ਗਈ, ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ਡੀ.ਡੀ.ਓ. ਦੀ ਹੋਵੇਗੀ।

**6.0 ਪੈਨਸ਼ਨ ਕੇਸਾਂ/ਪੈਨਸ਼ਨਰਾਂ ਦੇ ਡਾਟਾ ਸਬੰਧੀ ਕੋਈ ਵੀ ਅਧਿਕਾਰੀ/ਕਰਮਚਾਰੀ ਸੂਚਨਾ ਲੈ ਕੇ ਮੁੱਖ ਦਫਤਰ ਵਿਖੇ ਨਿੱਜੀ ਤੌਰ ਤੇ ਪੇਸ਼ ਨਹੀਂ ਹੋਣਗੇ। ਮੁੱਖ ਦਫਤਰ ਵਲੋਂ ਇਹ ਸੂਚਨਾ ਇਸ ਪੋਰਟਲ ਰਾਹੀਂ ਹੀ ਪ੍ਰਾਪਤ ਕੀਤੀ ਜਾਵੇਗੀ।**

**ਸਕੱਤਰ ਸਕੂਲ ਸਿੱਖਿਆ, ਪੰਜਾਬ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ।
2. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:), ਪੰਜਾਬ, ਐਸ.ਏ.ਐਸ. ਨਗਰ।

**ਸਕੱਤਰ ਸਕੂਲ ਸਿੱਖਿਆ, ਪੰਜਾਬ**